ਅੱਪਰਚਿਊਨਿਟੀਜ਼ ਓਨਟੇਰੀਓ: ਪ੍ਰੋਵਿੰਸ਼ਿਅਲ ਨਾਮਿਨੀ ਪ੍ਰੋਗਰਾਮ
ਅੰਤਰਰਾਸ਼ਟਰੀ ਵਿਦਿਆਰਥੀਆਂ ਲਈ ਜਾਣਕਾਰੀ

ਇਮੀਗ੍ਰੈਂਟ ਵਿਅਕਤੀ ਓਨਟੇਰੀਓ ਦੀ ਮਜ਼ਦੂਰ ਮੰਡੀ ਵਿੱਚ ਆਪਣੇ ਵੱਡਮੁੱਲੇ ਹੁਨਰ ਅਤੇ ਗਿਆਨ ਲਿਆ ਕੇ ਸੂਬੇ ਦੇ ਅਰਥਚਾਰੇ ਵਿੱਚ ਹਿੱਸਾ ਪਾਉਂਦੇ ਹਨ ਅਤੇ ਓਨਟੇਰੀਓ ਨੂੰ ਦੁਨੀਆਂ ਭਰ ਵਿੱਚੋਂ ਪਸੰਦੀਦਾ ਮੰਜ਼ਿਲ ਬਣਾਉਂਦੇ ਹਨ।

ਇਮੀਗ੍ਰੇਸ਼ਨ ਵਿੱਚ ਫ਼ੈਡਰਲ ਅਤੇ ਸੂਬਾਈ, ਦੋਵੇਂ ਸਰਕਾਰਾਂ ਫਰਜ਼ ਅਦਾ ਕਰਦੀਆਂ ਹਨ। ਆਪਣੇ ਅੱਪਰਚਿਊਨਿਟੀਜ਼ ਓਨਟੇਰੀਓ (Opportunities Ontario) ਪ੍ਰੋਗਰਾਮ ਰਾਹੀਂ ਓਨਟੇਰੀਓ ਸਰਕਾਰ ਪੱਕੇ ਨਿਵਾਸੀ ਬਣਨ ਦੇ ਲਾਇਕ ਉਮੀਦਵਾਰ ਚੁਣ ਕੇ ਫ਼ੈਡਰਲ ਸਰਕਾਰ ਕੋਲ ਨਾਮਜ਼ਦ ਕਰੇਗੀ। ਪੱਕੇ ਨਿਵਾਸੀਆਂ ਦੇ ਤੌਰ `ਤੇ ਆਉਣ ਵਾਲਿਆਂ ਦੇ ਸਭ ਵੀਜ਼ਿਆਂ `ਤੇ ਕੈਨੇਡਾ ਸਰਕਾਰ ਦੇ ਸਿਟੀਜ਼ਨਸ਼ਿਪ ਐਂਡ ਇਮੀਗ੍ਰੇਸ਼ਨ ਜਾਂ ਸੀ.ਆਈ.ਸੀ. (Citizenship and Immigration Canada ਜਾਂ CIC) ਵੱਲੋਂ ਕਾਰਵਾਈ ਕੀਤੀ ਅਤੇ ਮਨਜ਼ੂਰੀ ਦਿੱਤੀ ਜਾਂਦੀ ਹੈ।

ਓਨਟੇਰੀਓ ਦੀ ਮਨਿਸਟਰੀ ਆਫ਼ ਸਿਟੀਜ਼ਨਸ਼ਿਪ ਐਂਡ ਇਮੀਗ੍ਰੇਸ਼ਨ (ਐੱਮ.ਸੀ.ਆਈ. ਜਾਂ MCI) ਨੇ ਅੰਤਰਰਾਸ਼ਟਰੀ ਵਿਦਿਆਰਥੀਆਂ ਲਈ ਓਨਟੇਰੀਓ  ਵਿੱਚ ਪੱਕੇ ਨਿਵਾਸੀ ਬਣ ਸਕਣਾ ਸੌਖਾ ਕਰ ਦਿੱਤਾ ਹੈ। ਲਾਜ਼ਮੀ ਸ਼ਰਤਾਂ ਹਨ:

- ਤੁਸੀਂ ਕਿਸੇ ਯੋਗ ਕੈਨੇਡੀਅਨ ਅਦਾਰੇ ਦਾ ਕੋਈ ਡਿਪਲੋਮਾ ਜਾਂ ਡਿਗਰੀ ਪ੍ਰੋਗਰਾਮ ਪਾਸ ਕੀਤਾ ਹੋਣਾ ਚਾਹੀਦਾ ਹੈ ਜਾਂ ਉਸ ਦੀ ਆਖ਼ਰੀ ਸਮੈਸਟਰ ਵਿੱਚ ਹੋਣੇ ਚਾਹੀਦੇ ਹੋ। ਕਈ ਸਰਟੀਫਿਕੇਟ ਪ੍ਰੋਗਰਾਮ ਵੀ ਇਸ ਲਈ ਯੋਗ ਹਨ (ਜਿਵੇਂ ਪੋਸਟ-ਗ੍ਰੈਜੂਏਟ ਸਰਟੀਫਿਕੇਟ)।
- ਤੁਸੀਂ ਆਪਣੇ ਪ੍ਰੋਗਰਾਮ ਦਾ ਘੱਟੋ-ਘੱਟ ਅੱਧਾ ਹਿੱਸਾ ਕੈਨੇਡਾ ਵਿੱਚ ਪੂਰਾ ਕੀਤਾ ਹੋਣਾ ਚਾਹੀਦਾ ਹੈ।
- ਤੁਹਾਡੇ ਕੋਲ ਨੈਸ਼ਨਲ ਅੱਕੂਪੇਸ਼ਨਲ ਕਲਾਸੀਫਿਕੇਸ਼ਨ ਸੂਚੀ ਵਿੱਚ ਦਰਜ A, B, ਜਾਂ 0 ਦਰਜਿਆਂ ਵਿੱਚੋਂ ਕਿਸੇ ਇੱਕ ਲਈ ਫੁੱਲ-ਟਾਈਮ, ਪੱਕੀ ਨੌਕਰੀ ਦੀ ਪੇਸ਼ਕਸ਼ ਹੋਣੀ ਚਾਹੀਦੀ ਹੈ।

ਅੱਪਰਚਿਊਨਿਟੀਜ਼ ਓਨਟੇਰੀਓ ਦੀ ਦਰਖ਼ਾਸਤੀ ਕਾਰਵਾਈ ਹੇਠ ਲਿਖੇ ਮੁਤਾਬਕ ਹੁੰਦੀ ਹੈ:

ਪਹਿਲਾ ਪੜਾਅ:  ਜਿਹੜਾ ਰੋਜ਼ਗਾਰਦਾਤਾ ਤੁਹਾਨੂੰ ਨੌਕਰੀ `ਤੇ ਰੱਖਣਾ ਚਾਹੁੰਦਾ ਹੈ, ਉਹ ਖਾਸ ਤੁਹਾਡੀ ਨੌਕਰੀ ਨਾਲ ਸੰਬੰਧਤ ਪਹਿਲੋਂ ਹੀ ਜਾਂਚ ਕੀਤੇ ਜਾਣ ਦਾ ਇੱਕ ਮੁਫਤ ਫ਼ਾਰਮ (ਜਿਸ ਦਾ ਨਾਮ ਪ੍ਰੀ-ਸਕਰੀਨ ਫ਼ਾਰਮ ਹੈ) ਭਰਦਾ ਹੈ ਅਤੇ ਇਸ ਨੂੰ ਅਪਰਚਿਊਨਿਟੀਜ਼ ਓਨਟੇਰੀਓ ਕੋਲ ਦਾਇਰ ਕਰਦਾ ਹੈ। ਰੋਜ਼ਗਾਰਦਾਤਾ ਲਈ ਅਗੇਤੀ ਜਾਂਚ ਦਾ ਇਹ ਫ਼ਾਰਮ ਸਾਡੀ ਐੱਮ.ਸੀ.ਆਈ. ਦੀ ਵੈੱਬਸਾਈਟ `ਤੇ ਮੌਜੂਦ ਹੈ। ਜੇ ਤੁਹਾਡੇ ਰੋਜ਼ਗਾਰਦਾਤਾ ਨੂੰ ਮਨਜ਼ੂਰੀ ਮਿਲ ਜਾਂਦੀ ਹੈ ਤਾਂ ਉਸ ਨੂੰ ਨਾਮਜ਼ਦਗੀ ਲਈ ਦਰਖ਼ਾਸਤ ਦਾ ਇੱਕ ਪੁਲੰਦਾ ਮਿਲੇਗਾ ਜੋ ਉਸ ਨੇ ਤੁਹਾਨੂੰ ਦੇਣਾ ਹੋਵੇਗਾ।

ਦੂਜਾ ਪੜਾਅ:   ਤੁਸੀਂ ਇਸ ਪੁਲੰਦੇ ਨੂੰ ਭਰ ਕੇ ਲਾਜ਼ਮੀ ਤੌਰ `ਤੇ ਦਰਖ਼ਾਸਤ ਦੀ ਫੀਸ ਲਾ ਕੇ ਅੱਪਰਚਿਊਨਿਟੀਜ਼ ਓਨਟੇਰੀਓ ਕੋਲ ਦਾਇਰ ਕਰਨਾ ਹੁੰਦਾ ਹੈ। ਇਹ ਫੀਸ ਤੁਸੀਂ ਜਾਂ ਤੁਹਾਡੇ ਰੋਜ਼ਗਾਰਦਾਤਾ ਵਿੱਚੋਂ ਕੋਈ ਵੀ ਭਰ ਸਕਦਾ ਹੈ।

ਤੀਜਾ ਪੜਾਅ:  ਅਸੀਂ ਤੁਹਾਨੂੰ ਆਪਣਾ ਫੈਸਲਾ ਲਿਖਤੀ ਰੂਪ ਵਿੱਚ ਦਿਆਂਗੇ। ਜਿਨ੍ਹਾਂ ਨਾਮਜ਼ਦਾਂ ਨੂੰ ਮਨਜ਼ੂਰੀ ਮਿਲ ਜਾਵੇ, ਨਾਮਜ਼ਦਗੀ ਮਿਲਣ ਦੇ 6 ਮਹੀਨੇ ਦੇ ਵਿੱਚ-ਵਿੱਚ ਉਨ੍ਹਾਂ ਨੇ ਸਿਟੀਜ਼ਨਸ਼ਿਪ ਐਂਡ ਇਮੀਗ੍ਰੇਸ਼ਨ ਕੈਨੇਡਾ (ਸੀ.ਆਈ.ਸੀ. ਜਾਂ CIC) ਕੋਲ ਪੱਕੇ ਨਿਵਾਸੀ ਬਣਨ ਲਈ ਅਰਜ਼ੀ ਦਾਇਰ ਕਰਨੀ ਹੋਵੇਗੀ।

ਚੌਥਾ ਪੜਾਅ:  ਪੱਕੇ ਨਿਵਾਸੀ ਬਣਨ ਦੀ ਤੁਹਾਡੀ ਦਰਖ਼ਾਸਤ `ਤੇ ਸੀ.ਆਈ.ਸੀ. ਵੱਲੋਂ ਕਾਰਵਾਈ ਦੌਰਾਨ ਜੇ ਤੁਹਾਡੇ ਕੋਲ ਵਰਕ ਪਰਮਿਟ ਹੋਵੇ ਤਾਂ ਤੁਸੀਂ ਓਨਟੇਰੀਓ ਵਿੱਚ ਕੰਮ-ਕਾਜ ਸ਼ੁਰੂ ਕਰ ਸਕਦੇ ਹੋ। ਤੁਸੀਂ ਪਾਸ ਹੋਣ ਤੋਂ ਬਾਅਦ ਮਿਲਣ ਵਾਲੇ, ਜਾਂ ਅੱਪਰਚਿਊਨਿਟੀਜ਼ ਓਨਟੇਰੀਓ `ਤੇ

ਆਧਾਰਿਤ ਵਰਕ ਪਰਮਿਟ ਦੇ ਪਾਤਰ ਹੋ ਸਕਦੇ ਹੋ। ਆਰਜ਼ੀ ਵਰਕ ਪਰਮਿਟਾਂ ਬਾਰੇ ਵਧੇਰੇ ਜਾਣਕਾਰੀ ਲਈ ਮਿਹਰਬਾਨੀ ਕਰ ਕੇ ਸੀ.ਆਈ.ਸੀ ਦੀ ਵੈੱਬਸਾਈਟ www.cic.gc.ca ਵੇਖੋ।

ਇਹ ਦਸਤਾਵੇਜ ਅੰਗਰੇਜ਼ੀ ਅਤੇ ਫਰਾਂਸੀਸੀ ਸਣੇ 25 ਵੱਖ-ਵੱਖ ਬੋਲੀਆਂ ਵਿੱਚ ਉਪਲਬਧ ਹੈ। ਭਾਵੇਂ ਕਿ ਜਾਣਕਾਰੀ ਨੂੰ ਦਰੁਸਤ ਰੱਖਣ ਲਈ ਹਰ ਕੋਸ਼ਿਸ਼ ਕੀਤੀ ਗਈ ਹੈ, ਅੱਪਰਚਿਊਨਿਟੀਜ਼ ਓਨਟੇਰੀਓ ਬਾਰੇ ਕੁੱਝ ਵੇਰਵੇ ਇਸ ਦੇ ਛਪਣ ਤੋਂ ਬਾਅਦ ਬਦਲ ਸਕਦੇ ਹਨ। ਪਾਤਰਤਾ ਅਤੇ ਅਰਜ਼ੀਆਂ ਦੀ ਕਾਰਵਾਈ ਬਾਰੇ ਤਾਜ਼ਾ ਜਾਣਕਾਰੀ ਅਤੇ ਅੱਪਰਚਿਊਨਿਟੀਜ਼ ਓਨਟੇਰੀਓ ਬਾਰੇ ਵਧੇਰੇ ਜਾਣਕਾਰੀ ਲਈ ਮਨਿਸਟਰੀ ਆਫ਼ ਸਿਟੀਜ਼ਨਸ਼ਿਪ ਐਂਡ ਇਮੀਗ੍ਰੇਸ਼ਨ ਦੀ ਵੈੱਬਸਾਈਟ www.OntarioImmigration.ca ਵਿਖੇ ਵੇਖੋ।

ਐੱਮ.ਸੀ.ਆਈ. ਦੀ ਵੈੱਬਸਾਈਟ ਉੱਤੇ ਮੌਜੂਦ ਜਾਣਕਾਰੀ ਸਮੇਤ ਅੱਪਰਚਿਊਨਿਟੀਜ਼ ਓਨਟੇਰੀਓ ਦੇ ਦਸਤਾਵੇਜ ਅਤੇ ਸੇਵਾਵਾਂ ਸਿਰਫ ਅੰਗਰੇਜ਼ੀ ਅਤੇ ਫਰਾਂਸੀਸੀ ਬੋਲੀਆਂ ਵਿੱਚ ਹੀ ਉਪਲਬਧ ਹਨ।

ਕਈ ਸਵਾਲ ਜਿਹੜੇ ਤੁਸੀਂ ਪੁੱਛ ਸਕਦੇ ਹੋ:

**1. ਜਿਹੜੇ ਅੰਤਰਰਾਸ਼ਟਰੀ ਵਿਦਿਆਰਥੀ ਕੈਨੇਡੀਅਨ ਕਾਲਿਜਾਂ ਅਤੇ ਯੂਨੀਵਰਸਿਟੀਆਂ ਵਿੱਚ ਪੜ੍ਹਦੇ ਹਨ, ਉਹ ਅੱਪਰਚਿਊਨਿਟੀਜ਼ ਓਨਟੇਰੀਓ ਪ੍ਰੋਗਰਾਮ ਦਾ ਹਿੱਸਾ ਕਿਉਂ ਹਨ?**

ਆਲਮੀ ਅਰਥਚਾਰੇ ਵਿੱਚ ਮੁਕਾਬਲਤਨ ਓਨਟੇਰੀਓ ਦਾ ਪੱਲੜਾ ਭਾਰੀ ਰੱਖਣ ਲਈ ਅਸੀਂ ਕੈਨੇਡਾ ਤੋਂ ਸਿਖਲਾਈ-ਪ੍ਰਾਪਤ ਸਭ ਤੋਂ ਚੰਗੇ ਅਤੇ ਹੁਸ਼ਿਆਰ ਵਿਦਿਆਰਥੀਆਂ ਨੂੰ ਇੱਥੇ ਹੀ ਰੱਖਣ ਦੀ ਤਾਂਘ ਰੱਖਦੇ ਹਾਂ।

**2. ਐੱਨ.ਓ.ਸੀ. (NOC) ਦੇ ਹੁਨਰਾਂ ਦੇ 0, A ਅਤੇ B ਪੱਧਰ ਕੀ ਹੁੰਦੇ ਹਨ?**

ਐਨ.ਓ.ਸੀ. (NOC) ਛੋਟਾ ਨਾਮ ਹੈ ਨੈਸ਼ਨਲ ਅੱਕੂਪੇਸ਼ਨਲ ਕਲਾਸੀਫਿਕੇਸ਼ਨ ਸੂਚੀ ਦਾ। ਹੁਨਰਾਂ ਦੇ 0, A **ਅਤੇ** B **ਪੱਧਰ** ਕ੍ਰਮਵਾਰ ਮੈਨੇਜਰਾਂ, ਪੇਸ਼ਾਵਰ ਵਿਅਕਤੀਆਂ ਅਤੇ ਹੁਨਰਮੰਦ ਕਾਰੀਗਰੀ ਦੇ ਕਿੱਤਿਆਂ ਨਾਲ ਸੰਬੰਧਤ ਹਨ। ਅੱਪਰਚਿਊਨਿਟੀ ਓਨਟੇਰੀਓ ਵੱਲੋਂ ਕਿਸੇ ਰੋਜ਼ਗਾਰਦਾਤਾ ਦੀ ਅਰਜ਼ੀ ਦਾ ਜਾਇਜ਼ਾ ਲਾਉਣ ਵਿੱਚ ਮੰਗੇ ਗਏ ਨਾਮਜ਼ਦਗੀ ਅਹੁਦੇ ਦੇ ਹੁਨਰ ਦਾ ਪੱਧਰ ਇੱਕ ਅਹਿਮ ਹਿੱਸਾ ਹੁੰਦਾ ਹੈ। ਐੱਨ.ਓ.ਸੀ. ਦੇ ਵਰਗੀਕਰਣ ਤੁਸੀਂ ਇਸ ਵੈੱਬਸਾਈਟ `ਤੇ ਵੇਖ ਸਕਦੇ ਹੋ: http://www23.hrdc-drhc.gc.ca/2001/e/generic/welcome.shtml

**3. ਮੈਂ ਆਪਣੀ ਪੜ੍ਹਾਈ ਦੀ ਅੰਤਿਮ ਟਰਮ ਵਿੱਚ ਹਾਂ – ਕੀ ਮੈਂ ਅਰਜ਼ੀ ਦੇ ਸਕਦਾ ਹਾਂ?**

ਹਾਂ – ਜੇ ਤੁਹਾਡੇ ਕੋਲ ਫੁੱਲ-ਟਾਈਮ ਪੱਕੀ ਨੌਕਰੀ ਦੀ ਪੇਸ਼ਕਸ਼ ਹੈ ਅਤੇ ਤੁਹਾਡਾ ਰੋਜ਼ਗਾਰਦਾਤਾ ਅੱਪਰਚਿਊਨਿਟੀਜ਼ ਓਨਟੇਰੀਓ ਦੀ ਕਾਰਵਾਈ ਸ਼ੁਰੂ ਕਰਨ ਲਈ ਰਾਜ਼ੀ ਹੈ। ਤੁਸੀਂ ਆਪਣੀ ਆਖ਼ਰੀ ਛਿਮਾਹੀ ਤੋਂ ਪਹਿਲਾਂ ਅਰਜ਼ੀ ਨਹੀਂ ਦੇ ਸਕਦੇ।

**4. ਮੈਂ ਅਰਜ਼ੀ ਦੇਣੀ ਚਾਹੁੰਦਾ ਹਾਂ ਪਰ ਮੇਰੇ ਕੋਲ ਨੌਕਰੀ ਦੀ ਪੇਸ਼ਕਸ਼ ਹਾਲੇ ਨਹੀਂ ਹੈ – ਕੀ ਮੈਂ ਫਿਰ ਵੀ ਦਰਖ਼ਾਸਤ ਦੀ ਕਾਰਵਾਈ ਸ਼ੁਰੂ ਕਰ ਹੀ ਦਿਆਂ?**

ਨਹੀਂ – ਇਸ ਪ੍ਰੋਗਰਾਮ ਦੇ ਪਾਤਰ ਬਣਨ ਲਈ ਤੁਹਾਡੇ ਕੋਲ ਨੌਕਰੀ ਦੀ ਪੇਸ਼ਕਸ਼ ਹੋਣਾ ਲਾਜ਼ਮੀ ਹੈ। ਤੁਹਾਡੇ ਰੋਜ਼ਗਾਰਦਾਤਾ ਨੂੰ ਅੱਪਰਚਿਊਨਿਟੀਜ਼ ਓਨਟੇਰੀਓ ਦੀ ਕਾਰਵਾਈ ਵੀ ਲਾਜ਼ਮੀ ਤੌਰ `ਤੇ ਸ਼ੁਰੂ ਕਰਨੀ ਪਵੇਗੀ। ਬਿਨਾ ਨੌਕਰੀ ਦੀ ਕਿਸੇ ਪੇਸ਼ਕਸ਼ ਦੇ ਤੁਸੀਂ ਅਰਜ਼ੀ ਨਹੀਂ ਦੇ ਸਕਦੇ।

**5. ਕੀ ਅੱਪਰਚਿਊਨਿਟੀਜ਼ ਓਨਟੇਰੀਓ ਵਾਲੇ ਮੈਨੂੰ ਨੌਕਰੀ ਲੱਭਣ ਵਿੱਚ ਮਦਦ ਕਰ ਸਕਦੇ ਹਨ?**

ਅੱਪਰਚਿਊਨਿਟੀਜ਼ ਓਨਟੇਰੀਓ ਤੁਹਾਨੂੰ ਨੌਕਰੀ ਲੱਭਣ ਵਿੱਚ ਮਦਦ ਜਾਂ ਤੁਹਾਡੇ ਲਈ ਢੁਕਵਾਂ ਰੋਜ਼ਗਾਰਦਾਤਾ ਲੱਭਣ ਵਿੱਚ ਮਦਦ ਨਹੀਂ ਦੇ ਸਕਦਾ। ਮਦਦ ਲਈ ਤੁਸੀਂ ਆਪਣੇ ਸਕੂਲ ਦੇ ਕੈਰੀਅਰ ਸਰਵਿਸਿਜ਼ ਸੈਂਟਰ ਨਾਲ ਸੰਪਰਕ ਕਰੋ।

6.  ਮੈਨੂੰ ਲੱਗਦਾ ਹੈ ਕਿ ਮੇਰਾ ਰੋਜ਼ਗਾਰਦਾਤਾ ਇਸ ਪ੍ਰੋਗਰਾਮ ਵਿੱਚ ਦਿਲਚਸਪੀ ਲਵੇਗਾ – ਮੈਂ ਉਸ ਨੂੰ ਕੀ ਦੱਸਾਂ ਕਿ ਅਰਜ਼ੀ ਕਿੱਥੋਂ ਮਿਲੇਗੀ?

ਓਨਟੇਰੀਓ ਦੇ ਰੋਜ਼ਗਾਰਦਾਤਾਵਾਂ ਨੂੰ ਲੋੜੀਂਦੇ ਹੁਨਰਮੰਦ ਕਾਮੇ ਲੱਭਣ ਵਿੱਚ ਅੱਪਰਚਿਊਨਿਟੀਜ਼ ਓਨਟੇਰੀਓ ਮਦਦ ਦਿੰਦਾ ਹੈ। ਰੋਜ਼ਗਾਰਦਾਤਾ ਨੂੰ ਇਹ ਪ੍ਰੋਗਰਾਮ ਸੁਝਾਉਣ ਤੋਂ ਪਹਿਲਾਂ ਇਹ ਪੱਕਾ ਕਰ ਲਓ ਕਿ ਤੁਸੀਂ ਪ੍ਰੋਗਰਾਮ ਤੋਂ ਚੰਗੀ ਤਰ੍ਹਾਂ ਵਾਕਫ ਹੋ ਅਤੇ ਤੁਹਾਨੂੰ ਭਰੋਸਾ ਹੈ ਕਿ ਰੋਜ਼ਗਾਰਦਾਤਾ ਦੇ ਕਿਸੇ ਵੀ ਸਵਾਲ ਦਾ ਜਵਾਬ ਦੇ ਸਕੋਂਗੇ। ਭਾਵੀ ਰੋਜ਼ਗਾਰਦਾਤਾ ਲਈ ਜਾਣਕਾਰੀ

http://www.ontarioimmigration.ca/en/pnp/OI_PNPEMPLOYERS.html

ਵੈੱਬਸਾਈਟ `ਤੇ ਵੇਖੋ।

7. ਕੀ ਮੈਨੂੰ ਇਹ ਸਾਬਤ ਕਰਨਾ ਪਵੇਗਾ ਕਿ ਮੇਰਾ ਇੱਕ ਸਾਲ ਕੰਮ ਕਰਨ ਦਾ ਤਜਰਬਾ ਹੈ?

ਨਹੀਂ, ਇਸ ਪ੍ਰੋਗਰਾਮ ਦੇ ਪਾਤਰ ਹੋਣ ਵਾਸਤੇ ਤੁਹਾਨੂੰ ਕੰਮ ਦਾ ਕੋਈ ਤਜਰਬਾ ਨਹੀਂ ਚਾਹੀਦਾ। ਤੁਹਾਨੂੰ ਬੋਲੀ ਦੇ ਟੈਸਟ ਪਾਸ ਕਰਨ ਜਾਂ ਫੈਡਰਲ ਇਮੀਗ੍ਰੇਸ਼ਨ ਪੁਆਇੰਟ ਵੀ ਪੂਰੇ ਕਰਨ ਦੀ ਲੋੜ ਨਹੀਂ ਹੁੰਦੀ।

8.  ਜੇ ਮੈਂ ਕਿਸੇ ਕਾਲਿਜ ਵਿੱਚ ਹਾਈ ਸਕੂਲ ਦੀ ਬਰਾਬਰੀ ਦੇ ਕੋਰਸ ਵਿੱਚ ਦਾਖ਼ਲ ਹੋਵਾਂ, ਤਾਂ ਕੀ ਮੈਂ ਅੱਪਰਚਿਊਨਿਟੀਜ਼ ਓਨਟੇਰੀਓ ਵਾਸਤੇ ਪਾਤਰ ਹੋ ਸਕਦਾ ਹਾਂ?

ਨਹੀਂ। ਜਿਹੜੇ ਵਿਅਕਤੀ ਹਾਈ ਸਕੂਲ ਦੀ ਬਰਾਬਰੀ ਜਾਂ ਯੂਨੀਵਰਸਿਟੀ ਵਿੱਚ ਦਾਖ਼ਲੇ ਦੀ ਤਿਆਰੀ ਦੇ ਕੋਰਸਾਂ ਵਿੱਚ ਲੱਗੇ ਹੋਏ ਹਨ, ਉਹ ਅੱਪਰਚਿਊਨਿਟੀਜ਼ ਓਨਟੇਰੀਓ ਦੇ ਪਾਤਰ ਨਹੀਂ ਹੋ ਸਕਦੇ। ਤੁਸੀਂ ਸਰਕਾਰੀ ਪੈਸੇ ਹਾਸਲ ਕਰਨ ਵਾਲੇ ਸੈਕੰਡਰੀ ਤੋਂ ਬਾਅਦ ਦੀ ਪੜ੍ਹਾਈ ਦੇ ਕਿਸੇ ਕੋਰਸ ਵਿੱਚ ਲਾਜ਼ਮੀ ਦਾਖ਼ਲ ਹੋਣੇ ਚਾਹੀਦੇ ਹੋ ਜਿਸ ਵਿੱਚੋਂ ਤੁਸੀਂ ਕੋਈ ਡਿਪਲੋਮਾ ਜਾਂ ਡਿਗਰੀ ਲੈ ਕੇ ਪਾਸ ਹੋਵੋਂਗੇ।

9.ਅੱਪਰਚਿਊਨਿਟੀਜ਼ ਓਨਟੇਰੀਓ ਦੀ ਇੰਟਰਨੈਸ਼ਨਲ ਸਟੂਡੈਂਟ ਕੈਟੇਗਰੀ ਲਈ ਕਿਹੜੇ ਡਿਪਲੋਮਾ, ਡਿਗਰੀ ਜਾਂ ਸਰਟੀਫਿਕੇਟ ਪ੍ਰੋਗਰਾਮ ਪਾਤਰ ਹੁੰਦੇ ਹਨ?

ਅੰਤਰਰਾਸ਼ਟਰੀ ਵਿਦਿਆਰਥੀ ਜਿਹੜੇ ਕਿਸੇ ਯੋਗ ਕੈਨੇਡੀਅਨ ਕਾਲਿਜ ਜਾਂ ਯੂਨੀਵਰਸਿਟੀ ਵਿੱਚੋਂ ਘੱਟੋ-ਘੱਟ ਦੋ ਸਾਲ ਦੇ ਅਜਿਹੇ ਡਿਪਲੋਮਾ ਜਾਂ ਡਿਗਰੀ ਪ੍ਰੋਗਰਾਮ ਵਿੱਚੋਂ ਪਾਸ ਹੋਣ ਜਿਹੜਾ ਫੁੱਲ-ਟਾਈਮ ਪੜ੍ਹਾਈ ਕਰਦਿਆਂ ਕੀਤਾ ਹੋਵੇ, ਅੱਪਰਚਿਊਨਿਟੀਜ਼ ਓਨਟੇਰੀਓ ਨੂੰ ਅਰਜ਼ੀ ਦੇ ਸਕਦੇ ਹਨ ਜੇ ਉਨ੍ਹਾਂ ਕੋਲ ਨੌਕਰੀ ਦੀ ਮਨਜ਼ੂਰਸ਼ੁਦਾ ਪੇਸ਼ਕਸ਼ ਹੋਵੇ। ਗ੍ਰੈਜੂਏਸ਼ਨ ਤੋਂ ਬਾਅਦ ਦੇ ਅਜਿਹੇ ਇੱਕ-ਸਾਲਾ ਡਿਗਰੀ, ਡਿਪਲੋਮਾ ਅਤੇ ਸਰਟੀਫਿਕੇਟ ਪ੍ਰੋਗਰਾਮ ਵੀ ਪਾਤਰ ਹਨ ਜਿਨਾਂ ਵਿੱਚ ਦਾਖ਼ਲੇ ਲਈ ਪਹਿਲਾਂ ਕੋਈ ਡਿਪਲੋਮਾ ਜਾਂ ਡਿਗਰੀ ਪਾਸ ਕੀਤੇ ਹੋਣ ਦੀ ਸ਼ਰਤ ਲਾਗੂ ਹੋਵੇ। ਪਾਰਟ-ਟਾਈਮ ਪੜ੍ਹਾਈ, ਕਾਲਿਜ ਸਰਟੀਫਿਕੇਟ ਪ੍ਰੋਗਰਾਮਾਂ ਲਈ ਸ਼ੁਰੂਆਤੀ ਜਾਂ ਤਿਆਰੀ ਦੇ ਕੋਰਸ ਪਾਤਰ ਨਹੀਂ ਹਨ। ਕਾਰੀਗਰੀ ਦੀ ਹੁਨਰਮੰਦੀ ਦੇ ਸਰਟੀਫਿਕੇਟ ਪ੍ਰੋਗਰਾਮਾਂ ਅਤੇ ਜਾਰੀ ਰਹਿਣ ਵਾਲੀ ਪੜ੍ਹਾਈ ਦੇ ਪ੍ਰੋਗਰਾਮਾਂ `ਤੇ ਹਰ ਵਾਰੀ ਮਾਮਲੇ ਮੁਤਾਬਕ ਵਿਚਾਰ ਕੀਤੀ ਜਾਵੇਗੀ।

10.  ਇਹ ਸਾਬਤ ਕਰਨ ਲਈ ਕਿ ਮੈਂ ਪਾਤਰਤਾ ਰੱਖਣ ਵਾਲਾ ਇੱਕ ਅੰਤਰਰਾਸ਼ਟਰੀ ਵਿਦਿਆਰਥੀ ਹਾਂ, ਮੇਰਾ ਇਮੀਗ੍ਰੇਸ਼ਨ ਰੁਤਬਾ ਕੀ ਹੋਣਾ ਚਾਹੀਦਾ ਹੈ?

ਅੱਪਰਚਿਊਨਿਟੀਜ਼ ਓਨਟੇਰੀਓ ਲਈ ਅਰਜ਼ੀ ਦੇਣ ਵਾਲੇ ਸਾਰੇ ਵਿਦਿਆਰਥੀਆਂ ਕੋਲ ਵਾਜਿਬ ਸਟੱਡੀ ਪਰਮਿਟ ਹੋਣਾ ਚਾਹੀਦਾ ਹੈ, ਜਾਂ ਜੇ ਉਹ ਪਾਸ ਹੋਣ ਦੇ ਦੋ ਸਾਲ ਦੇ ਸਮੇਂ ਦੇ ਵਿੱਚ-ਵਿੱਚ ਅਰਜ਼ੀ ਦੇ ਰਹੇ ਹਨ, ਪਹਿਲਾਂ ਸਟੱਡੀ ਪਰਮਿਟ ਲਏ ਹੋਣ ਦਾ, ਅਤੇ/ਜਾਂ ਗ੍ਰੈਜੂਏਸ਼ਨ ਤੋਂ ਬਾਅਦ ਲਈ ਚਲੰਤ ਵਰਕ ਪਰਮਿਟ ਹੋਣਾ ਚਾਹੀਦਾ ਹੈ।

11.  ਪੱਕੀ, ਫੁੱਲ-ਟਾਇਮ ਨੌਕਰੀ ਕਿਸ ਨੂੰ ਮੰਨਿਆ ਜਾਂਦਾ ਹੈ?

ਪੱਕੀ ਨੌਕਰੀ ਦੀ ਪੇਸ਼ਕਸ਼ ਕਿਸੇ ਅਜਿਹੇ ਲਗਾਤਾਰ ਚੱਲਣ ਵਾਲੇ ਅਹੁਦੇ ਦੇ ਰੋਜ਼ਗਾਰ ਨੂੰ ਕਿਹਾ ਜਾਂਦਾ ਹੈ ਜਿਸ ਨੂੰ ਸਥਾਈ ਦਾ ਦਰਜਾ ਮਿਲੇ ਅਤੇ ਜਿਸ ਦੀ ਸਮਾਪਤੀ ਦੀ ਕੋਈ ਤਾਰੀਖ਼ ਨਾ ਹੋਵੇ। ਅੱਪਰਚਿਊਨਿਟੀਜ਼ ਓਨਟੇਰੀਓ ਵੱਲੋਂ ਅੰਤਰਰਾਸ਼ਟਰੀ ਵਿਦਿਆਰਥੀਆਂ ਦੇ ਨਵਿਆਏ ਜਾ ਸਕਣ ਵਾਲੇ ਇੱਕ-ਸਾਲਾ ਇਕਰਾਰਨਾਮਿਆਂ `ਤੇ ਹਰ ਵਾਰੀ ਮਾਮਲੇ ਮੁਤਾਬਕ ਵਿਚਾਰ ਕੀਤੀ ਜਾਵੇਗੀ।

ਫੁੱਲ-ਟਾਈਮ ਨੌਕਰੀ 12 ਮਹੀਨਿਆਂ ਦੌਰਾਨ 1,560 ਘੰਟੇ ਤਨਖ਼ਾਹ ਦੀ ਅਦਾਇਗੀ ਵਾਲੇ ਰੋਜ਼ਗਾਰ ਨੂੰ ਕਿਹਾ ਜਾਂਦਾ ਹੈ। ਹੇਠ ਲਿਖਿਆਂ ਨੂੰ ਫੁੱਲ-ਟਾਈਮ ਰੋਜ਼ਗਾਰ ਨਹੀਂ ਮੰਨਿਆ ਜਾਂਦਾ ਭਾਵੇਂ ਤੁਸੀਂ 12 ਮਹੀਨਿਆਂ ਦੇ ਕਿਸੇ ਅਰਸੇ ਦੌਰਾਨ ਕੰਮ ਦੇ 1,560 ਘੰਟੇ ਪੂਰੇ ਵੀ ਕਰ ਲਵੋਂ।

- ਮੌਸਮੀ, ਮਿਆਦੀ ਚੱਕਰ ਵਾਲੇ, ਜਾਂ ਪਾਰਟ-ਟਾਈਮ ਕਰਮਚਾਰੀ ਭਾਵੇਂ ਉਨ੍ਹਾਂ ਨੇ ਕਿੰਨੇ ਵੀ ਘੱਟ ਕੰਮ ਕਿਉਂ ਨਾ ਕੀਤਾ ਹੋਵੇ
- ਉਪ-ਠੇਕੇਦਾਰ ਜਾਂ ਏਜੰਸੀਆਂ ਰਾਹੀਂ ਕੰਮ-ਕਾਜ ਕਰਨ ਵਾਲੇ
- ਅਜਿਹੇ ਕਰਮਚਾਰੀ ਜਿਹੜੇ ਕਿਸੇ ਕੰਪਨੀ ਦੀ ਜਗ੍ਹਾ ਤੋਂ ਕੰਮ ਨਾ ਕਰਨ, ਜਿਵੇਂ ਅਜਿਹੇ ਕਰਮਚਾਰੀ ਜਿਹੜੇ ਘਰੋਂ ਕੰਮ ਕਰਨ, ਜਾਂ ਕਿਸੇ "ਵਰਚੂਅਲ" ਜਗ੍ਹਾ ਤੋਂ ਕੰਮ ਅੰਜਾਮ ਦੇਣ ਵਾਲੇ ਕਰਮਚਾਰੀ ਜਿਹੜੇ ਸੰਚਾਰ ਪ੍ਰਣਾਲੀਆਂ ਰਾਹੀਂ ਰੋਜ਼ਗਾਰਦਾਤਾ ਨੂੰ ਸੇਵਾ ਪੇਸ਼ ਕਰਨ।

### 12. ਜੇ ਓਨਟੇਰੀਓ ਵਿੱਚ ਮੇਰਾ ਕਿੱਤਾ ਨੇਮਬੱਧ ਹੋਵੇ ਜਾਂ ਇਸ ਲਈ ਸਰਟੀਫਿਕੇਸ਼ਨ ਦੀ ਲੋੜ ਪਵੇ ਤਾਂ ਔਪਰਚਿਊਨਿਟੀਜ਼ ਓਨਟੇਰੀਓ ਲਈ ਪਾਤਰ ਹੋਣ ਵਾਸਤੇ ਕੀ ਮੈਨੂੰ ਆਪਣੇ ਕਿੱਤੇ ਵਿੱਚ ਸਹੀ ਰਜਿਸਟ੍ਰੇਸ਼ਨ ਜਾਂ ਟਰੇਡ ਸਰਟੀਫਿਕੇਸ਼ਨ ਕਰਾਉਣੀ ਪਵੇਗੀ?

ਹਾਂ। ਜਿਸ ਕਿੱਤੇ ਵਿੱਚ ਤੁਸੀਂ ਜਾਣਾ ਚਾਹੁੰਦੇ ਹੋ, ਜੇ ਓਨਟੇਰੀਓ ਵਿੱਚ ਉਹ ਕਿੱਤਾ ਨੇਮਬੱਧ ਹੈ ਜਾਂ ਉਸ ਲਈ ਸਰਟੀਫਿਕੇਸ਼ਨ ਲੈਣੀ ਪਵੇ ਤਾਂ ਔਪਰਚਿਊਨਿਟੀਜ਼ ਓਨਟੇਰੀਓ ਵਾਸਤੇ ਪਾਤਰ ਬਣਨ ਵਾਸਤੇ ਤੁਹਾਨੂੰ ਲਾਜ਼ਮੀ ਤੌਰ `ਤੇ ਸਹੀ ਰਜਿਸਟ੍ਰੇਸ਼ਨ ਜਾਂ ਟਰੇਡ ਸਰਟੀਫਿਕੇਸ਼ਨ ਕਰਾਉਣੀ ਪਵੇਗੀ। ਓਨਟੇਰੀਓ ਵਿੱਚ ਅਨੇਕਾਂ ਹੀ ਨੇਮਬੱਧ ਪੇਸ਼ੇ ਅਤੇ ਕਿੱਤੇ ਹਨ। ਇਨ੍ਹਾਂ ਪੇਸ਼ਿਆਂ ਬਾਰੇ ਜਾਣਕਾਰੀ ਲਈ ਮਿਹਰਬਾਨੀ ਕਰ ਕੇ ਸਾਡਾ "Useful Web Links" ਵਾਲਾ ਭਾਗ ਵੇਖੋ।

ਮਿਹਰਬਾਨੀ ਕਰ ਕੇ ਨੋਟ ਕਰੋ ਕਿ ਕਈ ਹੁਨਰਮੰਦ ਕਿੱਤਿਆਂ ਵਾਸਤੇ ਸਰਟੀਫਿਕੇਸ਼ਨ ਜਾਂ ਤਾਂ ਆਪਣੀ ਮਰਜ਼ੀ ਮੁਤਾਬਕ ਹੁੰਦੀ ਹੈ ਅਤੇ ਜਾਂ ਲਾਜ਼ਮੀ ਹੁੰਦੀ ਹੈ। ਔਪਰਚਿਊਨਿਟੀਜ਼ ਓਨਟੇਰੀਓ ਤੁਹਾਨੂੰ ਸਰਟੀਫਿਕੇਸ਼ਨ ਲੈਣ ਵਾਸਤੇ ਸਿਰਫ ਤਾਂ ਹੀ ਕਹੇਗਾ ਜੇ ਤੁਹਾਡੇ ਹੁਨਰਮੰਦ ਕਿੱਤੇ ਲਈ ਸਰਟੀਫਿਕੇਸ਼ਨ ਲਾਜ਼ਮੀ ਤੌਰ `ਤੇ ਚਾਹੀਦੀ ਹੋਵੇ। ਇਹ ਪਤਾ ਲਾਉਣ ਕਿ ਤੁਹਾਡੇ ਕਿੱਤੇ ਲਈ ਸਰਟੀਫਿਕੇਸ਼ਨ ਲਾਜ਼ਮੀ ਹੈ ਜਾਂ ਆਪਣੀ ਮਰਜ਼ੀ `ਤੇ, ਮਿਹਰਬਾਨੀ ਕਰ ਕੇ **ਮਨਿਸਟਰੀ ਆਫ਼ ਟਰੇਨਿੰਗ, ਕਾਲਿਜਿਜ਼ ਐਂਡ ਯੂਨੀਵਰਸਿਟੀਜ਼** ਦੀ ਵੈੱਬਸਾਈਟ (www.edu.gov.on.ca/eng/tcu/employmentontario/training/certification.html ਤਕ ਲਿੰਕ) ਵੇਖੋ।

### 13. ਨੌਕਰੀ ਦੀ ਪੇਸ਼ਕਸ਼ ਦੇ ਪੱਤਰ ਵਿੱਚ ਕੀ ਕੁੱਝ ਲਿਖਿਆ ਜਾਣਾ ਚਾਹੀਦਾ ਹੈ?

ਇਸ ਗੱਲ ਦੇ ਨਾਲ-ਨਾਲ ਕਿ ਨੌਕਰੀ ਫੁੱਲ-ਟਾਈਮ ਹੈ ਜਾਂ ਪਾਰਟ-ਟਾਈਮ, ਨੌਕਰੀ ਦੀ ਪੇਸ਼ਕਸ਼ ਵਿੱਚ ਤੁਹਾਡਾ ਅਹੁਦਾ, ਕਿੰਨੀ ਤਨਖ਼ਾਹ ਪੇਸ਼ ਕੀਤੀ ਜਾ ਰਹੀ ਹੈ, ਤੁਹਾਡਾ ਕੰਮ ਕੀ ਹੋਵੇਗਾ ਅਤੇ ਰੋਜ਼ਗਾਰ ਕਿਸ ਜਗ੍ਹਾ ਚੱਲੇਗਾ, ਲਾਜ਼ਮੀ ਤੌਰ `ਤੇ ਲਿਖਿਆ ਹੋਣਾ ਚਾਹੀਦਾ ਹੈ।